**Amar Jyoti's Poetry Book "Waqt, Mausam Ate Nazam"**

***Article By Simi Preet Kaur***

## ਅਮਰ ਜਿਉਤੀ- ਸਮਾਜਿਕ ਬਹੁਲਤਾਵਾਂ ਦੀ ਪਰਤ ਫਰੋਲਦੀ ਸ਼ਾਇਰਾ

ਪਿਛਲੀਆਂ ਇਕ ਸਦੀ ਤੋਂ ਪੰਜਾਬੀਆਂ ਨੇ ਵਿਦੇਸ਼ਾ ਵਿਚ ਜਾ ਕੇ ਵੱਸਣ ਦੀ ਦੌੜ ਨੂੰ ਚਾਲੂ ਰੱਖਿਆ ਹੈ। ਇਹਨਾਂ ਵਿਕਸਤ ਪੂੰਜੀਵਾਦੀ ਵਿਦੇਸ਼ਾ ਵਿਚ ਜਾ ਕੇ ਵੱਸਣ ਦੀ ਇਤਿਹਾਸ ਵੱਖਰੀ ਪਹਿਚਾਣ ਰੱਖਦਾ ਹੈ। ਪੰਜਾਬੀ ਸਾਹਿਤ ਜਗਤ ਵਿਚ ਪ੍ਰਵਾਸੀ ਪੰਜਾਬੀ ਸਾਹਿਤ ਆਪਣੀ ਵੱਖਰੀ ਪਹਿਚਾਣ ਉਜਾਗਰ ਕਰ ਚੁੱਕਿਆ ਹੈ।
ਪਰਵਾਸੀ ਸ਼ਬਦ ਦੋ ਸ਼ਬਦਾਂ ਦਾ ਸੁਮੇਲ ਹੈ:- ਪਰ+ਵਾਸੀ। 'ਪਰ' ਦਾ ਅਰਥ ਹੁੰਦਾ ਹੈ- ਦੂਸਰਾ ਭਾਵ ਪਰਾਇਆ ਅਤੇ 'ਵਾਸੀ' ਦਾ ਭਾਵ ਹੈ- ਕਿਸੇ ਥਾਂ ਤੇ 'ਤੇ ਵਸੇਬਾ ਕਰਨ ਵਾਲਾ ਵਸਨੀਕ। ਇੰਝ ਪਰਵਾਸੀ ਦਾ ਅਰਥ ਕਿਸੇ ਦੂਜੀ ਥਾਂ ਤੇ ਜਾ ਕੇ ਵੱਸਣਾ ਹੈ। ਰੋਜ਼ੀ-ਰੋਟੀ ਦੀ ਤਲਾਸ਼ ਵਿਚ ਮਨੁੱਖ ਇਕ ਥਾਂ ਤੋਂ ਦੂਜੀ ਥਾਂ ਤੇ ਪ੍ਰਵਾਸ ਕਰਦਾ ਹੈ। ਇਸ ਸਥਿਤੀ ਵਿਚ ਉਹ ਆਪਣੇ ਮੂਲ ਤੋ ਵੱਖਰਾ ਨਹੀਂ ਹੁੰਦਾ। ਕਦੇ ਭੂ-ਹੇਰਵਾ ਤੇ ਕਦੇ ਰੋਜ਼ੀ ਦੀ ਤਲਾਸ਼ ਵਿਚ ਉਹ ਦੁਚਿੱਤੀ ਵਿਚ ਫਸਿਆ ਇਕਲਾਪੇ ਤੇ ਬੇਗਾਨਗੀ ਦਾ ਸੰਤਾਪ ਭੋਗਦਾ ਹੈ।
ਅਮਰ ਜਿਉਤੀ ਪੰਜਾਬੀ ਕਾਵਿ ਦਾ ਨਾਮਵਰ ਹਸਤਾਖਰ ਹੈ। ਹੁਣ ਤੱਕ ਉਹ ਮਾਰੂਥਲ ਵਿਚ ਤੁਰਦੇ ਪੈਰ (1985), ਮੈਨੂੰ ਸੀਤਾ ਨਾ ਕਹੋ (1988), ਦਰੋਪਦੀ ਤੋਂ ਦੁਰਗਾ (1990), ਖ਼ਾਮੋਸ਼ੀ ਦੀ ਆਵਾਜ਼ (1998) ਕਾਵਿ ਪੁਸਤਕਾਂ ਪੰਜਾਬੀ ਸਾਹਿਤ ਨੂੰ ਅਰਪਣ ਕਰ ਚੁੱਕੀ ਹੈ। ਹੱਥਲਾ ਕਾਵਿ ਸੰਗ੍ਰਿਹ 'ਵਕਤ, "ਮੌਸਮ ਅਤੇ ਨਜ਼ਮ" (2015) ਇੱਕ ਸੌ ਇਕ ਵੈਸ਼ਵਿਕ ਕਵਿਤਾਵਾਂ ਦਾ ਸੰਗ੍ਰਿਹ ਹੈ। ਇਸ ਕਾਵਿ-ਸੰਗ੍ਰਿਹ ਵਿਚ ਕਵਿੱਤਰੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਵਾਪਰ ਰਹੀਆਂ ਘਟਨਾਵਾਂ ਨੂੰ ਵਿਚਾਰਿਆ ਹੈ। ਉਹ ਹਰ ਕਵਿਤਾ ਦੇ ਨਾਲ ਲਿਖਣ ਦੀ ਤਾਰੀਖ ਦੱਸਣ ਦੇ ਨਾਲ ਕਈ ਕਵਿਤਾਵਾਂ ਦੇ ਪਿਛੋਕੜ 'ਚ ਵਾਪਰਦੇ ਕਾਰਜ ਨੂੰ ਬਿਆਨਦੀ ਹੈ।

ਨਸਲੀ ਵਿਤਕਰੇ, ਬੇਗਾਨਗੀ, ਭੂ-ਹੇਰਵੇ ਦੀ ਤੜਪ, ਪਦਾਰਥਕ ਸਹੂਲਤਾਂ ਹੁੰਦਿਆਂ ਅੰਦਰਲੀ ਟੁੱਟ-ਭੱਜ, ਸਖਾਵੇਂ-ਅਣਸੁਖਾਵੇ ਦਿਸਹੱਦਿਆਂ ਦੀ ਤਲਾਸ਼, ਮਾਨਵੀਂ ਹੋਂਦ ਲਈ ਉਸਾਰ ਤੇ ਸੁਚਾਰੂ ਤੇ ਸੰਭਾਵਨਾਵਾਂ ਲੱਭਣ ਦੀ ਜਦੋ-ਜਹਿਦ ਅਜੋਕੇ ਪਰਵਾਸੀ ਪੰਜਾਬੀ ਕਾਵਿ ਦੇ ਪਛਾਣ ਚਿੰਨ੍ਹ ਹਨ। ਜੜ੍ਹਹੀਣਤਾ ਹੋਂਦ ਦੇ ਅਹਿਸਾਸ ਨੇ ਨਵੇਂ ਬਿੰਬ ਗ੍ਰਹਿਣ ਕੀਤੇ ਹਨ। ਨੀਗਰੋ ਦੀ ਹੋਣੀ ਨੂੰ ਭੋਗਦਾ ਮਨੁੱਖ ਅਜ਼ਾਦ ਅਤੇ ਸੁਪਨਈ ਪ੍ਰਤਿਬੰਬ ਸਿਰਜਦਾ ਹੈ। ਯਥਾਰਥਕ ਵਰਤਾਰੇ ਵਿਚ ਜਮਾਤੀ ਅੰਤਰ-ਦਵੰਦਤਾ ਦੇ ਪ੍ਰਤਿਕਰਮਾਂ ਨੂੰ ਪਛਾਣਨ ਨੂੰ ਯਤਨ ਕੀਤਾ ਜਾ ਰਿਹਾ ਹੈ।

ਅਮਰ ਜਿਉਤੀ ਲਗਭੱਗ ਪਿਛਲੇ ਪੈਂਤੀ ਸਾਲਾਂ ਤੋਂ ਵਿਦੇਸ਼ੀ ਧਰਤੀ ਉੱਤੇ ਰਹਿ ਰਹੀ ਹੈ। ਅਜਕੱਲ ਉਹ ਇਗਲੈਂਡ ਦੀ ਵਸਨੀਕ ਹੈ। ਜਿੱਥੇ ਸਾਡੇ ਦੇਸ਼ ਦੀ ਤਰਾਸਦੀ ਹੈ ਕਿ ਲੋਕ ਧਰਮਾਂ ਅਤੇ ਜਾਤੀਗਤ ਵਿਸ਼ਿਆਂ ਉੱਤੇ ਭੜਕ ਹੀ ਨਹੀਂ ਪੈਂਦੇ ਸਗੋਂ ਵਿਦਰੋਹ 'ਤੇ ਉੱਤਰ ਆਉਂਦੇ ਹਨ। ਅਮਰ ਜਿਉਤੀ ਨੇ ਯੂਰਪੀਅਨ ਲੋਕਾਂ ਦੀ ਤਰਾਸਦੀ ਨੂੰ ਉਲੀਕਿਆ ਹੈ। ਉਹ ਲੋਕ ਨਕਸਲੀ ਵਿਤਕਰੇ ਦੀ ਮਾਰ ਦੇ ਸ਼ਿਕਾਰ ਹਨ ਕਿਉਂਕਿ ਉਥੇ ਆ ਕੇ ਵੱਸਣ ਵਾਲੇ ਲੋਕ ਵੱਖ-ਵੱਖ ਧਰਮਾਂ ਅਤੇ ਦੇਸ਼ਾਂ ਤੋਂ ਹਨ। ਇਸ ਨਸਲੀ ਵਿਤਕਰਿਆਂ ਨੇ ਮਾਨਵ ਦੀ ਮਾਨਸਿਕਤਾ ਨੂੰ ਚੋਟ ਪਹੁੰਚਾਈ ਅਤੇ ਆਰਥਿਕ ਤੰਗੀਆਂ-ਤੁਰਸ਼ੀਆਂ ਨੇ

ਉਹਨਾਂ ਨੂੰ ਦੋਫਾੜਮਈ ਜ਼ਿੰਦਗੀ ਵਿਚ ਹੋਣੀ ਨੂੰ ਤਲਾਸ਼ਦਿਆਂ ਬਿਨਸਦਿਆਂ ਲੰਘਾਈ ਹੈ। ਅਜਿਹੇ ਬਹੁ-ਨਸਲੀ, ਬਹੁ-ਭਾਸ਼ਾਈ, ਬਹੁ-ਸਭਿਆਚਾਰੀ ਮੁਲਕਾਂ ਵਿਚ ਆਪਣੀ ਪਹਿਚਾਣ ਕਾਇਮ ਕਰਦਿਆਂ ਪਰਵਾਸੀ ਕਾਵਿ ਸੰਵੇਦਨਾਂ ਨੇ ਨਵੇਂ ਮੁੱਲ ਗ੍ਰਹਿਣ ਕੀਤੇ ਹਨ। ਸ਼ਾਇਰਾ ਅਮਰ ਜਿਉਤੀ ਨਕਸਲੀ ਵਿਤਕਰੇ ਦੀ ਹੋਣੀ ਨੂੰ ਬਿਆਨਦਿਆਂ ਲਿਖਦੀ ਹੈ:

ਪਿਆਰੇ ਬੱਚੇ
ਕਰਿੰਗੜੀ ਪਾਈ
ਘੇਰਾ ਬਣਾਈ
ਖੇਡ ਰਹੇ,
ਇਕ ਦਿਸ਼ਾ ਤੋਂ ਆਇਆ ਬਾਪ
ਓਧਰੋਂ ਆਈ ਮਾਂ
ਕਿਧਰੋਂ ਆਈ ਨਾਨੀ
ਫਿਰ ਆਇਆ ਦਾਦਾਨ
ਆਪੋ ਆਪਣੇ ਬੱਚੇ
ਉਂਗਲੀ ਲਾ ਕੇ
ਦਹਿਲੀਜ਼ ਤੋਂ ਪਾਰ ਲਿਜਾ ਕੇ
ਰੰਗ-ਜਾਤ-ਧਰਮ ਦਾ
ਅਰਥ ਸਮਝਾਇਆ
ਬੱਚੇ ਦੇ ਸਮਝ ਜਦ ਆਇਆ
ਹਿਟਲਰ ਦੀ ਮੁਸਕਾਨ ਮੁਸਕਰਾਇਆ ।[1]

ਪੰਜਾਬੀ ਰਹਿਤਲ ਵਿਚ ਪਲੇ ਪੰਜਾਬੀਆਂ ਦੇ ਡੂੰਘੇ ਮਨਾਂ ਦਾ ਸੰਤਾਪ ਪਰਾਏ ਮੁਲਕਾਂ ਵਿਚ ਬੇਗਾਨਗੀ, ਇਕਲਾਪੇ ਤੇ ਭੂ-ਹੇਰਵੇ ਵਰਗੇ ਬਿੰਬਾਂ ਨੂੰ ਹਾਸਲ ਕਰਨ ਦੀ ਖਿਚੋਤਾਣ ਹੈ ਉਥੇ ਮਾਨਸਿਕ ਟੁੱਟ-ਭੱਜ ਸਵੈ-ਹੋਂਦ ਲਈ ਵੰਗਾਰ ਉਤਪੰਨ ਕਰਦੀ ਹੈ। ਬੇਗਾਨੇ ਮੁਲਕ ਦੀ ਭੂਮੀ ਪਦਾਰਥਕ ਸਹੂਲਤਾਂ ਤਾਂ ਮਹੁੱਈਆ ਕਰਵਾਉਂਦੀ ਹੈ। ਪਰੰਤੂ ਅੰਤਰਮਨ ਦੀਆਂ ਸਭਿਆਚਾਰਕ ਤਹਿਆਂ ਵਿਚ ਅਪਨੇਪਨ ਦਾ ਵਿਗੋਚਾ ਹੈ। ਬੇਗਾਨਗੀ ਦੀ ਹੋਣੀ ਭੋਗਦਿਆਂ ਟੁੱਟਣ-ਬਿਨਸਣ ਦਾ ਅਮਲ ਮਾਨਵ ਅੱਗੇ ਵੰਗਾਰ ਬਣ ਕੇ ਖੜ੍ਹਾ ਹੈ।

ਮਾਨਵ ਆਪਣੀ ਮਾਤ-ਭੂਮੀ ਤੋਂ ਦੂਰ ਬੇਗਾਨੀ ਧਰਤੀ 'ਤੇ ਅੰਤਰਮਨ ਦੀਆ ਸਿਮਰਤੀਆਂ 'ਚੋਂ ਆਪਾ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਆਰਥਿਕਤਾ ਦੇ ਸੰਕਟ ਨੇ ਘੁੰਮਣਘੇਰੀ ਵਿਚ ਦਬੋਚ ਰੱਖਿਆ ਹੈ। ਮੰਡੀ ਸੱਭਿਆਚਾਰਕ ਜੀਵਨ ਜਾਂਚ ਨੂੰ ਮਨੁੱਖ ਦੀ ਹੋਂਦ ਤੇ ਹੋਣੀ ਦੇ ਪ੍ਰਤਿਕਰਮ ਵਜੋਂ ਉਭਾਰਿਆ ਗਿਆ ਹੈ। ਮਾਨਵੀ ਸੰਤਾਪ ਸੰਵੇਦਨਾ ਨੂੰ ਅਮਰ ਜਿਉਤੀ ਪੇਸ਼ ਕਰਦੀ ਹੋਈ ਲਿਖਦੀ ਹੈ:

'ਮਨੀ' ਦੀ ਸੁਨਹਿਰੀ ਚਮਕ ਵਿਖਾ ਕੇ
ਭਾਰਤ ਦੀ ਜਨਤਾ ਮਗਰ ਲਾ ਕੇ
ਇਸ਼ਤਿਹਾਰਾਂ ਨਾਲ ਭਰਮਾਉ
ਜ਼ਿੰਦਗੀ ਮਿਲਦੀ ਇਕੋ ਵੇਰਾਂ

ਹਰ ਕੋਈ  ਆਪਣਾ ਆਪੇ ਮਾਲਕ
ਨਿੱਜ ਸਜਾਉ
ਮਨ ਲੁਭਾਉ
ਬੁੱਲੇ ਲੁੱਟੋ
ਅੈਸ਼ ਕਰੋ
ਜ਼ਿੰਦਗੀ ਮਾਣੋ
ਆਜ਼ਾਦੀ.....?
ਦਾ ਭੇਦ ਤੁਸੀਂ ਜਾਣੋ ।[2]

ਸਮੁੱਚੇ ਵਰਤਾਰੇ ਪ੍ਰਤੀ ਸੁਚੇਤ ਹੋਣ ਦੇ ਬਾਵਜੂਦ ਵਿਡੰਬਨਾ ਦਾ ਸ਼ਿਕਾਰ ਮਾਨਵ ਆਪਣੇ ਖਲਾਅ 'ਚ ਟੁੱਟ-ਭੱਜ ਭਰੀ ਫਿਰਦਾ ਹੈ। ਪਦਾਰਥਕ ਦੌੜ ਵਿਚ ਗ੍ਰਸਿਆ ਮੁਕਤੀ ਭਾਲਦਾ ਹੋਇਆ ਵੀ ਇਸ ਤੋਂ ਲਾਂਭੇ ਨਹੀਂ ਹੈ। ਅਮਰ ਜਿਉਤੀ ਮਾਨਵ ਦੀ ਦਵੰਦਮੂਲਕ ਮਾਨਸਿਕਤਾ ਨੂੰ ਚਿਤਰਦੀ ਹੈ:

ਕਦੀ ਕਦੀ ਮਨ ਖਲਾਅ ਹੁੰਦਾ ਹੈ
ਪਰਿੰਦਾ ਉੱਡਦਾ
ਪਰ ਤੋਲਦਾ
ਬ੍ਰਹਿਮੰਡ ਵਿਚ ਆਨੰਦ ਲੈਣਾ ਚਾਹੁੰਦਾ।
-------------
ਕਦੀ ਕਦੀ ਮਨ ਧਰਤੀ ਹੁੰਦਾ ਹੈ
ਪਰਿੰਦਾ ਉੱਡਦਾ
ਪਰ ਤੋਲਦਾ
ਸਰਹੱਦਾਂ ਦੇ ਆਰ ਪਾਰ ਜਾਣਾ ਚਾਹੁੰਦਾ।[3]

ਸਭਿਆਚਾਰਕ ਵਖਰੇਂਵੇ, ਆਧੁਨਿਕਤਾ ਦੀ ਦੌੜ-ਭੱਜ ਤੇ ਪੂੰਜਵਾਦੀ ਅਰਥ ਵਿਵਸਥਾ ਨੇ ਨਵੇਂ ਮਸਲਿਆ, ਤਣਾਵਾਂ, ਉਲਝਣਾਂ, ਪ੍ਰੇਸ਼ਾਨੀਆਂ, ਹੋਂਦ-ਅਣਹੋਂਦ ਵਰਗੇ ਪ੍ਰਤਿਕਰਮਾਂ ਨੇ ਨਵੇਂ ਕਾਵਿਕ ਬਿੰਬਾਂ ਨੂੰ ਉਭਾਰਿਆ ਹੈ। ਵਿਕਾਸਸ਼ੀਲ ਤੇ ਪੂੰਜਵਾਦੀ ਅਰਥ ਵਿਵਸਥਾ ਵਿਚ ਸਾਰੀਆਂ ਪਦਾਰਥਕ ਸਹੂਲਤਾਂ ਹੋਣ ਦੇ ਬਾਵਜੂਦ ਮਾਨਵ ਕਮਜੋਰ ਮਾਨਸਿਕਤਾ ਦਾ ਸ਼ਿਕਾਰ ਹੈ। ਬਿਮਾਰ ਮਾਨਸਿਕਤਾ, ਮਾਨਸਿਕ ਬੈਚੇਨੀ ਅਤੇ ਆਤਮਕ ਅਤ੍ਰਿਪਤੀ  ਨੇ ਭਵਿੱਖ ਸਾਹਮਣੇ ਪ੍ਰਸ਼ਨ ਖੜ੍ਹੇ ਕੀਤੇ ਹਨ। ਉਪਭੋਗਤਾਵਾਦੀ ਸੁੱਖ-ਸਹੂਲਤਾਂ ਨੇ ਰਿਸ਼ਤਿਆਂ ਦਾ ਵਪਾਰੀਕਰਨ ਕਰ ਦਿੱਤਾ ਹੈ। ਕਵਿਤਰੀ ਅਤਿਅੰਤ ਮੁੱਲਵਾਨ ਸੱਚ ਅਤੇ ਮਾਨਵ ਦੇ  ਸੁਪਨਈ ਬਿੰਬ ਨੂੰ ਸਿਰਜਦੀ ਹੈ:-

ਉਦਾਸ ਹੋ ਬਣਵਾਸ ਚਲੇ

ਲਹਿਰ ਛੱਡ ਪਰਵਾਸ ਚਲੇ

ਅੱਧੀ ਸਦੀ ਉਮਰ ਦੀ ਬੀਤੀ

ਮੱਧਵਰਗ ਦੇ ਸੁੱਖ ਹੰਢਾਏ

ਪੁਰਖਲੂਸ ਆਖਦਾ ਉਹ,

ਲਹਿਰ ਤੋਂ ਕੀ ਪਾਇਆ
ਅ ੈਵੇਂ ਵਕਤ ਗੰਵਾਇਆ
ਜੁਝਾਰ ਕਵਿਤਾ ਦਾ
ਉਹ ਕਾਮਰੇਡ ਕਵੀ
ਉੱਚ ਪਦਵੀ ਹੰਢਾਉਂਦਾ
ਫਲਦਾਰ ਰੁੱਖ ਤੇ ਬੈਠਾ,
ਗਿਰਗਿਟ ਬਣ ਗਿਆ ।[4]

ਬੇਸ਼ੱਕ ਕਵਿਤਰੀ ਪਰਵਾਸ ਗਮਨ ਕਰ ਗਈ ਪਰ ਉਸਦੀ ਚੇਤਨਤਾ ਅਜੇ ਵੀ ਭਾਰਤੀ ਮੂਲ ਨਾਲ ਜੁੜੀ ਹੋਈ ਹੇ। ਵਿਦੇਸ਼ ਵਿਚ ਰਹਿੰਦਿਆਂ ਉਹ ਜਨਮ-ਭੂਮੀ ਦੀਆਂ ਹੋਣੀਆਂ ਤੋਂ ਬੇਖ਼ਬਰ ਨਹੀਂ। ਭੁੱਖਮਰੀ, ਬੇਰੁਜ਼ਗਾਰੀ, ਰਿਸ਼ਵਤਖੋਰੀ, ਨਸ਼ਾ, ਭਰੂਣ-ਹੱਤਿਆ, ਬਾਲ-ਮਜ਼ਦੂਰੀ ਵਰਗੀਆਂ ਅਲਾਮਤਾਂ ਤੋਂ ਉਹ ਚੇਤੰਨ ਹੈ ਤੇ ਇਹਨਾਂ ਦੇ ਸਮਾਧਾਨ ਲਈ ਤਤਪਰ ਹੈ। ਰੋਜ਼ੀ ਰੋਟੀ ਦੀ ਖਾਤਰ ਜਦੋ-ਜਹਿਦ ਹੁੰਦੇ ਮਜ਼ਦੂਰ ਵਰਗ ਦੀ ਹਮਾਇਤਣ ਬਣ ਕੇ ਉਹ ਆਪਣੀਆਂ ਨਜ਼ਮਾਂ ਵਿਚ ਬਾਖੂਬ ਚਿਤਰਦੀ ਹੈ। ਜਿਵੇਂ ਉਹ ਆਖਦੀ ਹੈ:

ਹਰ ਪਲ ਤੈਨੂੰ ਸੋਚਦੀ
ਭੁੱਲ ਗਈ
ਉਹਨਾਂ ਬੱਚਿਆਂ ਤੇ ਮਾਪਿਆਂ ਨੂੰ
ਜਿਹਨਾਂ ਬਾਰੇ ਨਜ਼ਮ
ਸੀ ਲਿਖਣੀ
ਮਜ਼ਦੂਰ ਮਾਪੇ
ਗੁਜਰ ਬਸਰ ਕਰਨ ਲਈ
ਬੱਚਿਆਂ ਤੋਂ ਕੰਮ ਕਰਵਾਉਂਦੇ।[5]

ਅਗਲੇ ਹੀ ਪਲ ਉਹ ਵਿਚਾਰਦੀ ਹੈ ਕਿ ਨਜ਼ਮਾਂ ਲਿਖ ਕੇ ਸੁੱਤੀ ਹੋਈ ਕੌਮ ਨੂੰ ਕਿਵੇਂ ਜਗਾਇਆ ਜਾਵੇ ? ਉਸ ਨੂੰ ਲੱਗਦਾ ਹੈ ਕਿ ਮਜ਼ਲੂਮਾਂ ਤੇ ਮਜ਼ਦੂਰਾਂ ਬਾਰੇ ਹਰ ਰੋਜ਼ ਹੀ ਅਨੇਕਾਂ ਖ਼ਬਰਾਂ ਲੱਗਦੀਆਂ ਹਨ। ਪੱਤਰਕਾਵਾਂ ਵਿਚ ਵਿਸ਼ੇਸ਼ ਅੰਕ ਛਾਪੇ ਜਾਂਦੇ ਹਨ ਪਰ ਅਜਿਹੇ ਵਰਗ ਨੂੰ ਜਾਗਰੂਕ ਕਰਨ ਦੀ ਵੀ ਲੋੜ ਹੈ। ਉਹ ਲਿਖਦੀ ਹੈ:

ਸੁੱਤਿਆਂ ਦਾਨਸ਼ਵਰਾਂ ਨੂੰ
ਕੌਣ ਜਗਾਏਗਾ
ਘਰ ਘਰ ਤਾਈਂ
ਅਮਨ ਦਾ ਸੁਨੇਹਾ
ਕੌਣ ਪੁਚਾਏਗਾ।[6]

ਗਰੀਬ ਤਬਕੇ ਦੇ ਨਾਲ ਖੜ੍ਹੀ ਸ਼ਾਇਰਾ ਅਮੀਰ ਵਰਗ ਦੇ ਕਟਾਖਸ਼ ਕਰਦੀ ਹੈ ਜੋ ਮਹਿਲਨੁਮਾ ਮਕਾਨ ਉਸਾਰ ਕੇ ਰੈਣ ਬਸੇਰੇ ਦਾ ਨਾਂ ਦਿੰਦੇ ਹਨ। ਉਸ ਦੀ ਵਿਅੰਗਕਤਾ ਦੀ ਉਦਾਹਰਣ:

ਦੁਨੀਆਂ ਦਾ ਸਭ ਤੋਂ
ਮਹਿੰਗਾ ਮਕਾਨ
ਸਤਾਈ ਮੰਜ਼ਿਲਾ
ਇੱਕ ਸੌ  ਤਿਹੱਤਰ ਮੀਟਰ ਉੱਚਾ
ਅਧ ਅਸਮਾਨੀ ਰੁਕ ਜਾਵੇ
ਮੁਕੇਸ਼ ਅੰਬਾਨੀ ਦਾ ਘਰ ਕਹਿਲਾਵੇ
-------------------
ਇਹ ਘਰ
ਇਸ ਧਰਤੀ 'ਤੇ
ਬੇਘਰਿਆਂ, ਲੋੜਵੰਦਾ ਦਾ
ਰੈਣ ਬਸੇਰਾ ਬਣ ਜਾਵੇ
ਗ਼ਰੀਬਾਂ ਦਾ ਪਿੰਡ ਅਖਵਾਵੇ ।[7]

ਅਮਰ ਜਿਉਤੀ ਦਾ ਰਹਿਤਲ ਬੇਸ਼ੱਕ ਵਿਦੇਸ਼ੀ ਹੈ ਪਰ ਆਤਮਾ ਤਾਂ ਮਾਤ-ਭੂਮੀ ਦੀ ਬੁੱਕਲ ਵਿਚ ਬੈਠੀ ਹੈ। ਭਾਰਤੀ ਨਾਰੀ ਦੀ ਦੁਰਦਸ਼ਾ ਤੋਂ ਉਹ ਮੁਨਕਰ ਨਹੀਂ ਹੈ। ਉਸ ਦੀ ਲਾਚਾਰੀ ਤੇ ਬੇਬਸੀ ਨੂੰ ਅੱਖੋਂ ਪਰੋਖੇ ਨਹੀਂ ਕਰਦੀ। ਨਾਰੀ ਨਾਲ ਜੁੜੀਆਂ ਸਮੱਸਿਆਵਾਂ ਸਿਰਫ਼ ਭਾਰਤ ਵਿਚ ਨਹੀਂ ਬਲਕਿ ਸੰਸਾਰ ਭਰ ਵਿਚ ਵੇਖਣ ਨੂੰ ਮਿਲਦੀਆਂ ਹਨ। ਆਰਥਿਕ ਲਾਭ ਲਈ ਔਰਤ ਨੂੰ ਸਰੀਰਕ ਤੇ ਮਾਨਸਿਕ ਪੀੜਾ ਵਿਚੋਂ ਲੰਘਾਇਆ ਜਾਂਦਾ ਹੈ। ਨਾਰੀ ਜਿੰਨਾ ਪ੍ਰਾਚੀਨ ਸਮਾਜ ਵਿਚ ਦੁੱਖ ਹੰਢਾਉਂਦੀ ਸੀ ਉਤਨਾ ਹੀ ਅੱਜ ਉਹ ਸ਼ੋਸ਼ਣ ਦਾ ਸ਼ਿਕਾਰ ਹੋ ਰਹੀ ਹੈ। ਅੱਜ ਵੀ ਔਰਤ ਤੋਂ ਇਹੀ ਆਸ ਰੱਖੀ ਜਾਂਦੀ ਹੈ ਕਿ ਉਹ ਬੱਚੇ ਪੈਦਾ ਕਰੇ, ਪਰਿਵਾਰ ਪਾਲੇ, ਨੌਕਰੀ ਕਰ ਕੇ ਉਪਜੀਵਕਾ ਕਮਾਵੇ ਪਰ ਆਜ਼ਾਦੀ ਦੀ ਉਮੀਦ ਨਾ ਰੱਖੇ। ਅਜੋਕੀ ਔਰਤ ਸਵੈ-ਪ੍ਰਗਟਾਵੇ ਅਤੇ ਸਵੈਮਾਣ ਦੀ ਸੋਝੀ ਪਹਿਲਾਂ ਨਾਲੋਂ ਵਧੇਰੇ ਰੱਖਦੀ ਹੈ ਪਰੰਤੂ ਸਮਾਜਿਕ ਸਰੋਕਾਰਾਂ ਦੀ ਦ੍ਰਿਸ਼ਟੀ ਤੋਂ ਪ੍ਰਾਚੀਨ ਸਮੇਂ ਤੋਂ ਆਧੁਨਿਕ ਸਮੇਂ ਤੱਕ ਲਗਭਗ ਇਕਸਾਰ ਪ੍ਰਸਥਿਤੀਆਂ ਵਿਚੋਂ ਹੀ ਲੰਘ ਰਹੀ ਹੈ। ਨਾਰੀ ਦੀ ਬੇਪੱਤੀ ਦਾ ਮਸਲਾ ਅੱਜ ਵੀ ਜਿਉਂ ਦਾ ਤਿਉਂ ਖੜ੍ਹਾ ਹੈ। ਬੇਪੱਤ ਹੋਈ ਨਾਰੀ ਦੀ ਤ੍ਰਾਸਦੀ ਨੂੰ ਚਿਤਰਦਿਆਂ ਉਹ ਲਿਖਦੀ ਹੈ:

ਭਵਿੱਖ ਦੀ ਬਿਸਾਤ ਤੇ
ਹਰ ਗਏ
ਜੀਂਦੇ ਰਹਿਣ ਦੀ ਤਮੰਨਾ
ਰੀਝਾਂ-ਚਾਅ ਅਤੇ ਉਤਸ਼ਾਹ
ਕੋਈ ਨਾ ਤੁਰਿਆ ਹਮਰਾਹ
ਅਸੀਂ ਹੋਏ ਜ਼ਲੀਲ
ਪਈ ਵਿਚ ਦਲੀਲ ਤੇ
ਮੌਤ ਨੂੰ ਦਾਅਵਤ ਦਿੱਤੀ,
ਮੈਨੂੰ ਮਾਫ਼ ਕਰ ਦਿਉ ਵੇ ਲੋਕੋ
ਮੈਂ ਔਰਤ ਜੂਨ ਵਿਚ ਆਈ।[8]

ਨਾਰੀ ਸਮਾਜਿਕ ਹਊਮੈ ਦੇ ਮੰਡਲ ਦੀਆਂ ਦੁਸ਼ਵਾਰੀਆਂ ਅਤੇ ਪੀੜਾਂ ਤੋਂ ਬੇਪ੍ਰਵਾਹ ਹੋ ਕੇ ਖ਼ਾਹਿਸ਼ਾਂ ਦੀ ਪੂਰਤੀ ਲਈ ਤਤਪਰ ਹੈ। ਉਸ ਨੂੰ ਆਦਰਸ਼ਵਾਦ ਅਤੇ ਜਿਸਮ ਭੋਗਣ ਦੀ ਅਵਸਥਾ ਮਾਨਸਿਕ ਕਸ਼ਮਕਸ਼ ਦਿੰਦੀ ਹੈ। ਨਾਰੀਵਾਦੀ ਪ੍ਰਵਚਨ ਰੋਮਾਂਟਿਕਤਾ, ਉਪਭਾਵਕਤਾ ਅਤੇ ਰੁਦਨ ਤੋਂ ਅਗਾਂਹ ਜਾ ਕੇ ਹੋਂਦ-ਸਰੋਕਾਰਾਂ ਦਾ ਸੰਘਰਸ਼ ਵੀ ਹੈ। ਸ਼ਾਇਰਾ ਦੀ ਚੇਤਨਾ ਬੋਧ ਨਾਰੀ ਮਰਦ ਦੇ ਦਵੰਦਾਤਮਕ ਰਿਸ਼ਤੇ ਨੂੰ ਬੜੇ ਚੇਤੰਨਮਈ ਢੰਗ ਰਾਹੀਂ ਪੇਸ਼ ਕਰਦਾ ਹੈ। ਮਰਦਾਵੀਂ ਸੱਤਾ ਤੇ ਸਭਿੱਆਚਾਰਕ ਪ੍ਰਤਿਮਾਨਾਂ ਨੇ ਨਾਰੀ ਦੀ ਮਾਨਸਿਕਤਾ ਨੂੰ ਅਜਿਹਾ ਬਣਾ ਦਿੱਤਾ ਹੈ ਕਿ ਉਹ ਆਪਣੀ ਮੁਕਤੀ ਚਾਹੁੰਦੀ ਹੋਈ ਵੀ ਇਸ ਸੱਤਾ ਦੇ ਅਧੀਨ ਹੈ। ਪਿੱਤਰੀ ਪ੍ਰਬੰਧ ਨਾਰੀ ਨਾਲ ਜਜ਼ਬਾਤੀ, ਅਸਭਿਆ ਅਤੇ ਕਾਮੁਕਤਾ ਦੀਆਂ ਧਾਰਨਾਵਾਂ ਜੋੜ ਕੇ ਨਾਰੀ ਨੂੰ ਸਵੈ-ਹੋਂਦ ਦੇ ਹਾਸ਼ੀਏ ਤੋਂ ਪਿੱਛੇ ਧਕੇਲਦਾ ਹੈ। ਨਾਰੀ ਸੰਤਾਪਕ ਹੋਣੀ ਨੂੰ ਵਡਿਆਉਂਦਿਆਂ ਪੇਸ਼ ਕਰਦੀ ਹੈ:

ਤੂੰ ਕਿੰਨਾ ਕਮੀਨਾ ਹੈਂ
ਜਾਣਦੀ ਹਾਂ, ਫਿਰ ਵੀ
ਤੇਰੇ ਨਾਲ ਰਹਿੰਦੀ ਹਾਂ
ਸਾਡੀ ਜਨਰੇਸ਼ਨ ਦੀ
ਮਜ਼ਬੂਰੀ ਇਹੋ
ਮਰਿਆਦਾ ਦਾ ਪਾਲਣ ਕਰੋ
ਜ਼ੁਲਮ ਸਿਤਮ ਸਹੋ
ਜ਼ਿੱਦ ਨਾ ਕਰੋ
ਸਭ ਖ਼ਾਮੋਸ਼, ਬਰਦਾਸ਼ਤ ਕਰੋ
ਖ਼ੁਸ਼ਹਾਲ ਜੀਵਨ ਜਿਉਣ ਦਾ
ਨਾਟਕ ਕਰੋ ।[੭]

ਸ਼ਾਇਰਾ ਅਮਰ ਜਿਉਤੀ ਆਪਣੀ ਕਾਵਿ-ਰਚਨਾ ਰਾਹੀਂ ਸਮਕਾਲੀ ਸਮਾਜਕ ਪ੍ਰਸਥਿਤੀਆਂ ਨੂੰ ਬਦਲਣ ਦੀ ਚੇਤਾਵਨੀ ਦਿੰਦੀ ਹੈ। ਜਿਸ ਦੇ ਰੂੜੀਗਤ ਕਦਰਾਂ-ਕੀਮਤਾਂ ਤੇ ਰਸਮ-ਰਿਵਾਜ਼ ਨਾਰੀ ਦੀ ਹੋਂਦ ਨੂੰ ਖੰਡਿਤ ਕਰਦੇ ਹਨ। ਉਹ ਨਰ-ਨਾਰੀ ਦਰਮਿਆਨ ਸਾਂਝ ਤੇ ਬਰਾਬਰੀ ਰੱਖਣਾ ਚਾਹੁੰਦੀ ਹੈ। ਨਾਰੀ ਆਪਣੇ ਆਪ ਨੂੰ ਇਕ ਸ਼ਕਤੀ ਦੇ ਰੂਪ ਵਿਚ ਪੇਸ਼ ਕਰਦੀ ਹੈ ਜੋ ਸੂਝਵਾਨ, ਚੇਤੰਨ ਤੇ ਜਾਗ੍ਰਿਤ ਹੈ। ਜੋ ਆਤਮ ਨਿਰਭਰ ਹੈ ਤੇ ਜਿਸ ਨੂੰ ਮਰਦ ਦੇ ਆਸਰੇ ਦੀ ਜਰੂਰਤ ਨਹੀਂ ਰਹੀ। ਸ਼ਾਇਰਾ ਆਪਣੇ ਕਾਵਿ ਪ੍ਰਵਚਨਾਂ ਰਾਹੀਂ ਨਰ-ਨਾਰੀ ਵਿਚਲੇ ਅੰਤਰ-ਦਵੰਦਾਤਮਕ ਅਵਸਥਾ ਨੂੰ ਖਤਮ ਕਰ ਕੇ ਸਮਰੂਪਤਾ ਦਾ ਨੇਮ ਨਿਰਧਾਰਤ ਕਰਨ ਲਈ ਯਤਨਸ਼ੀਲ ਹੈ ਜੋ ਨਵੇਂ ਸਮਾਜ ਦਾ ਸੁਪਨਾ ਉਲੀਕਦਾ ਹੈ। ਉਹ ਨਾਰੀ ਨੂੰ ਸਲਾਮ ਕਰਦੀ ਹੈ ਜਦ ਉਹ ਆਪਣੇ ਆਤਮ ਰੱਖਿਆ ਲਈ ਆਵਾਜ਼ ਉਠਾਉਂਦੀ ਹੈ:

ਇਹ ਤਾਂ ਚੰਗਾ ਹੋਇਆ
ਕੁੜੀਆਂ ਪੁਲਿਸ ਨਾਲ ਉਲਝੀਆਂ
ਹੱਕ ਵਾਸਤੇ
ਆਵਾਜ਼ ਉਠਾਈ
ਕਿੰਨੀਆਂ ਸਿਆਣੀਆਂ ਤੇ ਬਹਾਦਰ
ਬਣ ਰਹੀਆਂ
ਇਹ ਕੁੜੀਆਂ

ਹੱਕ ਸੱਚ ਲਈ
ਲੜਨ ਲੱਗੀਆਂ ।[10]

ਅਮਰ ਜਿਉਤੀ ਦਾ ਨਿੱਜ ਸਮਾਜਿਕ ਸਰੋਕਾਰਾਂ ਨਾਲ ਜੁੜਿਆ ਹੋਇਆ ਹੈ। ਉਸ ਦੀਆਂ ਸਿਮਰਤੀਆਂ ਵਿਚਲਾ ਆਪਣੀ ਮਾਤ-ਭੂਮੀ ਮੋਹ ਉਸ ਦੀ ਮੂਲ ਕਾਵਿਕ ਸਰਗਰਮੀ ਦਾ ਆਧਾਰ ਬਣਦਾ ਹੈ। ਉਸ ਦੇ ਅਵਚੇਤਨ ਵਿਚ ਪੰਜਾਬੀ ਰਹਿਤਲ ਅਤੇ ਸਮਾਜਕ ਸਰੋਕਾਰਾਂ ਪ੍ਰਤੀ ਹੇਰਵਾਂ ਹੈ। ਉਸ ਦੀ ਚੇਤਨਾ ਸੰਕਟਮਈ ਸਥਿਤੀ 'ਤੇ ਰੁਦਨ ਕਰਦੀ ਹੈ। ਜਿਉਤੀ ਦੀ ਸ਼ਾਇਰੀ ਵਿਚ ਲੋਟੂ ਰਾਜਨੀਤੀ, ਗਰੀਬਾਂ ਪ੍ਰਤੀ ਹਮਦਰਦੀ, ਬਾਲ ਮਜ਼ਦੂਰ ਪਿੱਛੇ ਛੁਪੇ ਗੁੱਝੇ ਭੇਦਾਂ ਤੋਂ ਇਲਾਵਾ ਨਾਰੀ ਦੀ ਤ੍ਰਾਸਦੀ ਦਾ ਆਪਣਾ ਕਾਵਿਕ ਬਿੰਬ ਉਸਾਰਣ ਦਾ ਹੁਨਰ ਹੈ। ਕਰੂਰ ਯਥਾਰਕਤਾ ਦੀ ਹੋਣੀ ਨੂੰ ਬੇਬਾਕ ਲਹਿਜ਼ੇ ਵਿਚ ਬਿਆਨਦੀ ਹੈ:

ਜ਼ਿੰਮੀ ਨੂੰ ਵਾਹਿਆ
ਪਾਣੀ ਲਾਇਆ
ਸੁਪਨਾ ਧਾਨ ਬਣ ਕੇ ਉੱਗਿਆ
ਬਾਲਾਂ ਦੀਆਂ ਮੁਸਕਾਨਾਂ ਵਾਂਗ ਖਿੜਿਆ
ਕਿਸਾਨਾਂ ਨੂੰ ਲਾਰਾ ਲਾ ਕੇ
ਪੰਜਾਬ ਦੀਆਂ ਮੰਡੀਆਂ ਵਿਚ
ਝੋਨਾ ਬਣ ਕੇ ਰੁਲਿਆ ।[11]

ਅਮਰ ਜਿਉਤੀ ਸਵੈ ਹੋਂਦ ਲਈ ਸਮਾਜਕ ਰਿਸ਼ਤਿਆਂ ਪ੍ਰਤੀ ਵਿਰੋਧੀ ਸੁਰ ਅਲਾਪਦੀ ਹੈ ਜਦੋਂ ਰਿਸ਼ਤੇ ਸਿਰਫ਼ ਇਕ ਪਹਿਰਣ ਬਣ ਕੇ ਰਹਿ ਜਾਣ। ਉਹ ਆਪਣੇ ਅਸਤਿਤਵ ਦੀ ਪ੍ਰਮਾਣਿਕਤਾ ਲਈ ਸੰਜੀਦਾ ਅਤੇ ਡੂੰਘੀ ਨੀਝ ਦ੍ਰਿਸ਼ਟੀ ਨੂੰ ਅਪਣਾਉਂਦੀ ਹੈ। ਅਜਿਹੀ ਤ੍ਰਾਸਦੀ ਨੂੰ ਭੋਗਣ ਦੀ ਵਿਕਰਾਲ ਸਥਿਤੀ ਦਾ ਉਦਾਤੀਕਰਨ ਕਰਦੀ ਹੋਈ ਆਖਦੀ ਹੈ:

ਜ਼ਿੰਦਗੀ ਦੀ ਪਗਡੰਡੀ ਤੇ ਤੁਰਦਿਆਂ
ਰਿਸ਼ਤਾ ਰਹਿ ਗਿਆ
ਮਾਅਨੇ ਬਨਵਾਸ ਚਲੇ ਗਏ
ਜੰਗਲ ਵਿਚ ਭੌਂਦੀ
ਰਿਸ਼ਤਿਆਂ ਦੀ ਪਰਿਭਾਸ਼ਾ ਤੋਂ ਮੁਕਤ
ਖਾਨਾਬਦੋਸ਼ ਰੂਹ ਮੇਰੀ
ਕਿਸੇ ਗੁਲਦਾਨ ਵਿਚ
ਲਾਲ ਗੁਲਾਬ ਬਣ ਕੇ
ਸਜਣਾ ਨਹੀਂ ਚਾਹੁੰਦੀ ।[12]

ਪੱਛਮ ਵਿਚ ਜਾ ਕੇ ਵੱਸਣ ਨਾਲ ਭੂ-ਹੇਰਵੇ ਦੀ ਪੀੜ ਨੇ ਆਪਣੇ ਮੁਲਕ ਵੱਲ ਮੁੜਨ ਤੇ ਬੇਬੱਸੀਆਂ ਦੀਆਂ ਤੰਦਾਂ ਵਿਚ ਨਪੀੜਿਆ ਮਨੁੱਖ ਦੂਹਰਾ ਜੀਵਨ ਜੀਉਣ ਲਈ ਮਜ਼ਬੂਰ ਹੁੰਦਾ ਹੈ। ਆਪਣਿਆਂ ਦੀ ਮਿਲਣ ਦੀ ਤਾਂਘ ਵਿਚ ਆਉਣ-ਜਾਣ ਦੇ ਸਿਲਸਿਲੇ ਨੇ ਸਭਿਆਚਾਰਕ ਬਣਤਰ ਤੇ ਬਣਤਰ ਨੂੰ ਪ੍ਰਭਾਵਿਤ ਕੀਤਾ ਹੈ। ਪੱਛਮੀ ਸੱਭਿਆਚਾਰਕ ਮੁੱਲਾਂ ਨੇ ਨਵੀਂਆਂ ਸੰਵੇਦਨਾਵਾਂ, ਸਰੋਕਾਰਾਂ ਨੂੰ ਪਰਦੇਸਾਂ ਵਿਚ ਰੰਗ-ਭੇਦ ਨਸਲੀ ਵਿਤਕਰੀ, ਸੱਭਿਅਕ-ਅਸਭਿਅਕ, ਪਛੜੇਪਨ ਵਰਗੇ ਕਠੋਰ

ਵਖਰੇਵਿਆਂ ਦਾ ਸਾਹਮਣਾ ਕਰਨਾ ਪਿਆ ਹੈ। ਅਮਰ ਜਿਉਤੀ ਅਜੋਕੀ ਪੂੰਜੀਵਾਦੀ ਜੀਵਨ-ਜਾਂਚ ਦੇ ਮਾਨਵੀ-ਅਮਾਨਵੀ ਕਾਵਿਕ ਬਿੰਬਾਂ ਨੂੰ ਆਪਣੀ ਸੁਹਜਾਤਮਕ ਦ੍ਰਿਸ਼ਟੀ ਰਾਹੀਂ ਪੇਸ਼ ਕਰਦੀ ਹੈ:

ਪਹਿਲਾਂ ਇੰਦਰਜਾਲ ਸੀ
ਫਿਰ ਸ਼ਬਦਜਾਲ, ਹੁਣ
ਕੰਪਿਊਟਰ ਜਾਲ ਵਿਚ
ਫਸ ਗਿਆ ਹੈ ਮਨੁੱਖ
ਮੁਕਤੀ ਦੀ ਖੋਜ ਵਿਚ
ਖੋਜ ਗਵਾਚ ਗਈ ਕੰਪਿਊਟਰ ਦੇ
ਚੱਕਰਵਿਯੂ ਵਿਚ ।[13]

ਅਮਰ ਜਿਉਤੀ ਦੀ ਸਮੁੱਚੀ ਕਾਵਿ ਚੇਤਨਾ ਸਿਰਜਣਾਤਮਕ ਸ਼ਕਤੀ ਦੀ ਪ੍ਰਤੀਕ ਹੈ। ਪੱਛਮੀ ਰਹਿਤਲ ਦੀਆਂ ਸੰਵੇਦਨਾਵਾਂ ਦੇ ਨਾਲ ਉਹ ਆਪਣੇ ਮੂਲ ਨਾਲੋਂ ਵੱਖ ਨਹੀਂ ਹੁੰਦੀ। ਆਪਣੇ ਪ੍ਰਵਚਨਾਂ ਨਾਲ ਵਫ਼ਾਦਾਰੀ ਨਿਭਾਉਂਦਿਆਂ ਉਹ ਤਰਕ ਵਿਤਰਕ ਅਤੇ ਉਚਿੱਤ ਅਣਉਚਿੱਤ ਮਨੋਰਥਾਂ ਤੋਂ ਮੁਨਕਰ ਨਹੀਂ ਹੁੰਦੀ। ਸ਼ਾਇਰਾ ਸੰਘਰਸ਼ਸ਼ੀਲ ਚੇਤਨਾ ਦੀ ਮਾਲਕ ਹੈ ਜੋ ਆਪਣੇ ਆਸ ਪਾਸ ਵਾਪਰਦੇ ਵਰਤਾਰੇ ਨੂੰ ਬੜੀ ਪ੍ਰਬੀਨਤਾ ਨਾਲ ਚਿਤਰਨ ਦਾ ਕਾਵਿਕ ਅੰਦਾਜ਼ ਰੱਖਦੀ ਹੈ। ਮਾਨਵੀ ਸਰੋਕਾਰਾਂ ਨੂੰ ਆਪਣੇ ਕਲੇਂਵੇ ਵਿਚ ਲੈਂਦਿਆਂ ਸ਼ਾਇਰਾ ਵਿਅੰਗਕਤਾ ਦਾ ਸਹਾਰਾ ਵੀ ਲੈਂਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਅਮਰ ਜਿਉਤੀ, ਵਕਤ, ਮੌਸਮ ਅਤੇ ਨਜ਼ਮ, ਲੋਕਗੀਤ ਪ੍ਰਕਾਸ਼ਨ, 2015, ਪੰਨਾ. 15-16
2. ਉਹੀ, ਪੰਨਾ. 58
3. ਉਹੀ, ਪੰਨਾ. 83-84
4. ਉਹੀ, ਪੰਨਾ. 35
5. ਉਹੀ, ਪੰਨਾ. 37
6. ਉਹੀ, ਪੰਨਾ. 39
7. ਉਹੀ, ਪੰਨਾ. 47-48
8. ਉਹੀ, ਪੰਨਾ. 54
9. ਉਹੀ, ਪੰਨਾ. 110
10. ਉਹੀ, ਪੰਨਾ. 62
11. ਉਹੀ, ਪੰਨਾ. 116

12. ਉਹੀ, ਪੰਨਾ. 168
13. ਉਹੀ, ਪੰਨਾ. 107